# ਫੋਰੈਂਸਿਕ ਸਾਂਇੰਸ ਲੈਬਾਰਟਰੀ ਨੂੰ ਨਰੀਖਣ ਲਈ ਪੁਲੰਧੇ ਭੇਜਦੇ ਸਮੇਂ ਫਾਰਵਰਡਿੰਗ ਨੋਟ ਭਰਨ ਲਈ ਦਿਸ਼ਾ-ਨਿਰਦੇਸ਼

ਫੋਰੈਂਸਿਕ ਸਾਇੰਸ ਲੈਬਾਰਟਰੀ ਨੂੰ ਨਰੀਖਣ ਲਈ ਭੇਜੇ ਜਾਂਦੇ ਪੁਲੰਦੇਆਂ ਵਿਚ ਇਕਸਾਰਤਾ ਲਿਆਉਣ ਅਤੇ ਇਹ ਯਕੀਨੀ ਬਨਾਉਣ ਲਈ ਕਿ ਤਫਤੀਸ਼ੀ ਏਜੰਸੀ ਵਲੋਂ ਸਾਰੀ ਲੋੜੀਂਦੀ ਸੂਚਨਾਂ ਦੇ ਦਿੱਤੀ ਗਈ ਹੈ, ਲਈ 2 ਫਾਰਵਰਡਿੰਗ ਨੋਟ ਤਿਆਰ ਕੀਤੇ ਗਏ ਹਨਃ-

- **ਫਾਰਵਰਡਿੰਗ ਨੋਟ (ਜਨਰਲ)**: (ਦਸਤਾਵੇਜਾਂ ਤੋਂ ਇਲਾਵਾ) ਹਰ ਤਰਾਂ ਦੇ ਪੁਲੰਦੇਆਂ ਦੇ ਨਰੀਖਣ ਲਈ ।
- **ਫਾਰਵਰਡਿੰਗ ਨੋਟ (ਦਸਤਾਵੇਜ)**: ਦਸਤਾਵੇਜਾਂ ਦੇ ਨਰੀਖਣ ਲਈ ਫਾਰਵਰਡਿੰਗ ਨੋਟ।

ਫਾਰਵਰਡਿੰਗ ਨੋਟ ਦੇ ਹਰੇਕ ਕਾਲਮ/ਪੁਆਇੰਟ ਨੂੰ ਭਰਨ ਲਈ ਹੇਠ ਲਿਖੇ ਅਨੁਸਾਰ ਦਿਸ਼ਾ-ਨਿਰਦੇਸ਼ ਹਨਃ-

## A. FORWARDING NOTE (GENERAL) ਫਾਰਵਰਡਿੰਗ ਨੋਟ (ਜਨਰਲ):-

<u>ਪੁਆਇੰਟ ਨੰਬਰ 01:</u> **ਫਾਰਵਰਡਿੰਗ ਅਥਾਰਟੀ**: ਤਫਤੀਸ਼ੀ ਅਥਾਰਟੀ ਦਾ ਨਾਮ ਜਿਸ ਵਲੋਂ ਕੇਸ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਭੇਜਿਆ ਜਾ ਰਿਹਾ ਹੈ।

<u>ਪੁਆਇੰਟ ਨੰਬਰ 02:</u> **ਕੇਸ਼ ਦਾ ਵੇਰਵਾ**: ਐਫ.ਆਈ.ਆਰ/ਡੀ.ਡੀ.ਆਰ ਨੰਬਰ, ਅਧੀਨ ਧਾਰਾ, ਥਾਨੇ ਦਾ ਨਾਮ, ਜਿਲ੍ਹਾ ਵਰਨਣ ਕੀਤਾ ਜਾਵੇ ਜਿੱਥੋਂ ਕੇਸ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਭੇਜਿਆ ਜਾ ਰਿਹਾ ਹੈ।

<u>ਪੁਆਇੰਟ ਨੰਬਰ 03:</u> **ਕੇਸ ਦੀ ਕਿਸਮ (ਸੰਖੇਪ ਵਿਚ ਕੇਸ ਦਾ ਵੇਰਵਾ)**: ਕੇਸ ਦੇ ਹਾਲਾਤ ਅਤੇ ਨੁਕਤੇਆਂ ਦਾ ਸੰਖੇਪ ਵਿਚ ਸਾਰ।

<u>ਪੁਆਇੰਟ ਨੰਬਰ 04:</u> **ਨਰੀਖਣ ਲਈ ਭੇਜੇ ਗਏ ਪੁਲੰਦੇਆਂ ਦੀ ਗਿਣਤੀ**: ਨਰੀਖਣ ਲਈ ਭੇਜੇ ਗਏ ਪੁਲੰਦੇਆਂ ਦੀ ਕੁਲ ਤਦਾਦ ਅੰਕਾਂ ਵਿਚ ਦਰਸਾਈ ਜਾਵੇ।

<u>ਪੁਆਇੰਟ ਨੰਬਰ 05:</u> **ਨਰੀਖਣ ਲਈ ਭੇਜੇ ਪਾਰਸਲਾਂ/ਪੁਲੰਦੇਆਂ ਦਾ ਵੇਰਵਾ**:

(ੳ) **ਕਾਲਮ 1**: ਲੜੀ ਨੰਬਰ

(ਅ) **ਕਾਲਮ 2**: ਪਾਰਸਲ/ਪੁਲੰਦੇਆਂ ਦਾ ਵਰਨਣ: ਸਾਰੇ ਪਾਰਸਲਾਂ ਦੇ ਕਨਟੈਂਟਸ

ਜਿਹੜੇ ਨਰੀਖਣ ਲਈ ਭੇਜੇ ਹਨ, ਵਰਨਣ ਕਰੋ।

(ੲ) **ਕਾਲਮ 3: ਨਮੂਨਾ ਮੋਹਰ ਅਤੇ ਕਿੰਨੀਆਂ ਮੋਹਰਾਂ:** ਪਾਰਸਲ ਦੀ ਪੈਕਿੰਗ ਕਰਦੇ ਸਮੇਂ ਲਗਾਈ ਗਈ ਮੋਹਰ ਦਾ ਵੇਰਵਾ ਅਤੇ ਹਰੇਕ ਕਿਸਮ ਦੀ ਕਿੰਨੀਆਂ ਮੋਹਰਾਂ ਲਗਾਈਆਂ ਗਈਆਂ ਹਨ ਦੀ ਤਦਾਦ ਅੰਕਾਂ ਵਿਚ ਵਰਨਣ ਕਰੋ।

(ਸ) **ਕਾਲਮ 4: ਪੁਲੰਦੇ/ਪਾਰਸਲ ਦੇ ਸੋਰਸ ਦਾ ਵਰਨਣ:** ਦੱਸਿਆ ਜਾਵੇ ਕਿ ਪੁਲੰਦੇ ਜਾਂ ਪਾਰਸਲ ਕਿਸ ਸਥਾਨ ਤੋਂ ਜਾਂ ਕਿਸ ਕੋਲੋਂ ਬਰਾਮਦ ਕੀਤਾ ਹੈ। ਵਿਅਕਤੀ ਦਾ ਨਾਮ ਮਹੱਤਵਪੂਰਨ ਨਹੀਂ ਹੈ, ਪਰ ਇਹ ਜਿਕਰ ਕੀਤਾ ਜਾਵੇ ਕਿ ਉਹ ਦੋਸ਼ੀ, ਸ਼ਿਕਾਇਤ ਕਰਤਾ, ਗਵਾਹ ਜਾਂ ਕੋਈ ਹੋਰ ਹੈ।

<u>**ਪੁਆਇੰਟ ਨੰਬਰ 06:**</u> **ਨਰੀਖਣ ਦੀ ਕਿਸਮ:** ਜਿਹੜਾ ਪੁਲੰਦਾ/ਪਾਰਸਲ ਨਰੀਖਣ ਲਈ ਭੇਜਿਆ ਜਾ ਰਿਹਾ ਹੈ, ਉਸ ਸਬੰਧੀ ਕੀ ਜਾਨਣਾ ਚਾਹੁੰਦੇ ਹੋ ਨੂੰ ਪੁਆਇੰਟ ਵਾਈਜ਼ ਦਰਸਾਇਆ ਜਾਵੇ। ਜੇਕਰ ਸਵਾਲ ਕੇਵਲ ਇਕ ਪਾਰਸਲ ਨਾਲ ਸਬੰਧਤ ਹੋਣ, ਪਾਰਸਲ ਦਾ ਨੰਬਰ ਦਸਦੇ ਹੋਏ ਸੁਰੂ ਕੀਤੇ ਜਾਣ। ਜੇਕਰ ਇਕ ਤੋਂ ਵੱਧ ਪੁਲੰਦੇਆਂ ਨਾਲ ਸਬੰਧਤ ਹਨ ਤਾਂ ਸਬੰਧਤ ਪੁਲੰਦੇ ਦਾ ਨੰਬਰ ਦਰਸਾਉਂਦੇ ਹੋਏ ਆਮ ਸਵਾਲ/ਕੁਆਰੀ ਦਰਸਾਈ ਜਾਵੇ।

<u>**ਪੁਆਇੰਟ ਨੰਬਰ 07:**</u> ਜੇਕਰ ਇਸੇ ਕੇਸ ਨਾਲ ਸਬੰਧਤ ਕੋਈ ਸਬੂਤ ਪਹਿਲਾਂ ਹੀ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਜਮਾ ਕਰਵਾਏ ਹਨ, ਤਾਂ ਉਹਨਾਂ ਦਾ ਡਾਇਰੀ/ਰਿਪੋਰਟ ਨੰਬਰ ਵਰਨਣ ਕੀਤਾ ਜਾਵੇ। ਇਹ ਪੁਲੰਧਾ/ਪਾਰਸਲ ਨਰੀਖਣ ਕਰਦੇ ਸਮੇਂ ਸਹਾਇਕ ਹੋਵੇਗਾ।

<u>**ਪੁਆਇੰਟ ਨੰਬਰ 08:**</u> **ਦਸਤਾਵੇਜ ਜਿਹੜੇ ਲਫ ਕੀਤੇ ਜਾਣੇ ਹਨ:-**

<u>(ੳ)</u> **ਸਾਰੇ ਕੇਸਾਂ ਵਿਚ ਜਰੂਰੀ ਦਸਤਾਵੇਜ:** ਅਜਿਹੇ 3 ਦਸਤਾਵੇਜ ਹਨ ਜਿਹੜੇ ਸਾਰੇ ਕੇਸਾਂ ਵਿਚ ਲੋੜੀਂਦੇ ਹਨ। ਇਹ ਐਫ.ਆਈ.ਆਰ/ਡੀ.ਡੀ.ਆਰ./ਸ਼ਿਕਾਇਤ ਨੰਬਰ, ਰਿਕਵਰੀ ਮੀਮੋ ਅਤੇ ਨਮੂਨਾ ਮੋਹਰ ਹਨ ਜਿਹੜੇ ਕਿ ਹਰੇਕ ਕੇਸ ਨਾਲ ਲਫ ਕਰਕੇ ਫਾਰਵਰਡਿੰਗ ਨੋਟ ਨਾਲ ਭੇਜਣੇ ਹਨ।

<u>(ਅ)</u> **ਹੋਰ ਦਸਤਾਵੇਜਾਂ ਦੀ ਲਿਸਟ:** ਇਹ ਦਸਤਾਵੇਜਾਂ ਦੀ ਲਿਸਟ ਹੈ ਜਿਹੜੀ ਕੁਝ ਕੁ ਕੇਸਾਂ ਵਿਚ ਨਰੀਖਣ ਲਈ ਲੋੜੀਂਦੇ ਹਨ। ਫਾਰਵਰਡਿੰਗ ਨੋਟ ਨਾਲ ਉਚਿੱਤ

ਦਸਤਾਵੇਜਾਂ ਤੇ ਟਿਕ ਮਾਰਕ ਕੀਤਾ ਜਾਵੇ। ਹੋਰ ਦਸਤਾਵੇਜ ਹੇਠ ਲਿਖੇ ਅਨੁਸਾਰ ਦਰਸਾਏ ਵੱਖਰੇ-ਵੱਖਰੇ ਕੇਸਾਂ ਵਿਚ ਲੋੜੀਂਦੇ ਹਨ:-

1. **ਅਜਿਹੇ ਕੇਸ ਜਿੱਥੇ ਡੀ.ਐਨ.ਏ. ਨਰੀਖਣ ਲੋੜੀਂਦਾ ਹੈ:** ਆਮ ਤੋਰ ਤੇ ਡੀ.ਐਨ.ਏ. ਨਰੀਖਣ ਦੀ ਬੇਨਤੀ ਕਤਲ/ਹੱਤਿਆ, ਬਲਾਤਕਾਰ (ਸੈਕਸੂਅਲ ਅਸਾਲਟ)/ਸੋਡੋਮੀ (ਹੋਮੋਸੈਕਸੂਅਲ), ਲਾਵਾਰਸ ਗਲੀ-ਛੜੀ ਲਾਸ਼, ਗਰਭਪਾਤ ਭਰੂਣ, ਮਾਤਾ-ਪਿਤਾ ਦੇ ਵਿਵਾਦ ਸਬੰਧੀ ਕੇਸਾਂ ਵਿਚ ਕੀਤੀ ਜਾਂਦੀ ਹੈ। ਹੇਠਾਂ ਦਿੱਤੇ ਟੇਬਲ ਵੱਖ-ਵੱਖ ਕੇਸਾਂ ਵਿਚ ਜਿਹੜੇ ਦਸਤਾਵੇਜ ਲਫ ਕਰਨੇ ਹਨ, ਦਰਸਾ ਰਹੇ ਹਨ:-

| ਕੇਸ ਦੀ ਕਿਸਮ | ਡਾਕਟਰ ਵਲੋਂ ਭਰੇ ਜਾਣ ਵਾਲੇ ਦਸਤਾਵੇਜ |
|---|---|
| **ਕਤਲ/ਹੱਤਿਆ ਦੇ ਕੇਸਾਂ ਵਿਚ** | ➢ ਪੋਸਟਮਾਰਟਮ (Autopsy) ਨਮੂਨਾ ਸਬਮਿਸ਼ਨ ਫਾਰਮ (ਪੀੜਤ)<br>➢ ਜੀਵ ਨਮੂਨਾ (Biological specimen) ਪ੍ਰਮਾਣਿਕਤਾ ਫਾਰਮ (ਪੀੜਤ ਅਤੇ ਦੋਸੀ ਦੋਨੋ)(ਰੈਫਰੈਂਸ ਸੈਂਪਲਜ਼)<br>➢ ਪੋਸਟਮਾਰਟਮ ਰਿਪੋਰਟ ਦੀ ਤਸਦੀਕਸੁਦਾ ਕਾਪੀ<br>➢ ਮੈਡੀਕਲ ਅਫਸਰ ਦੀ ਨਮੂਨਾ ਮੋਹਰ |
| **ਜਿਨਸੀ ਹਮਲਾ/ ਸੋਡੋਮੀ ਦੇ ਕੇਸਾਂ ਵਿਚ** | ➢ ਪੀੜਤ ਦਾ ਜਿਨਸੀ ਹਮਲੇ ਦੀ ਸੂਚਨਾ ਫਾਰਮ<br>➢ ਜੀਵ ਨਮੂਨਾ (Biological specimen) ਪ੍ਰਮਾਣਿਕਤਾ ਫਾਰਮ ਪੀੜਤ ਅਤੇ ਦੋਸੀ ਦੋਨੋ (ਰੈਫਰੈਂਸ ਸੈਂਪਲਜ਼)<br>➢ ਐਮ.ਐਲ.ਆਰ. ਦੀ ਤਸ਼ਦੀਕਸੁਦਾ ਕਾਪੀ<br>➢ ਪੋਸਟਮਾਰਟਮ (Autopsy) ਨਮੂਨਾ ਸਬਮਿਸ਼ਨ ਫਾਰਮ (ਜੇਕਰ ਪੀੜਤ ਦੀ ਮੌਤ ਹੋ ਗਈ ਹੈ)<br>➢ ਮੈਡੀਕਲ ਅਫਸਰ ਦੀ ਨਮੂਨਾ ਮੋਹਰ |
| **ਲਾਵਾਰਸ਼ ਲਾਸ਼/ਭਰੂਣ ਦੇ ਕੇਸਾਂ ਵਿਚ** | ➢ ਪੋਸਟਮਾਰਟਮ (Autopsy)/ਭਰੂਣ ਗਰਭਪਾਤ ਸਬਮਿਸ਼ਨ ਫਾਰਮ (ਪੀੜਤ)<br>➢ ਜੀਵ ਨਮੂਨਾ (Biological specimen) ਪ੍ਰਮਾਣਿਕਤਾ ਫਾਰਮ (ਦਾਅਵੇਦਾਰ (ਜੇਕਰ ਕੋਈ ਹੈ/ਕਥਿਤ ਮਾਪੇ/ਦੋਸੀ) (ਰੈਫਰੈਂਸ ਸੈਂਪਲਜ਼)<br>➢ ਪੀ.ਐਮ.ਆਰ ਦੀ ਤਸਦੀਕਸੁਦਾ ਕਾਪੀ<br>➢ ਮੈਡੀਕਲ ਅਫਸਰ ਦੀ ਨਮੂਨਾ ਮੋਹਰ |
| **ਮਾਤਾ-ਪਿਤਾ ਦੇ ਵਿਵਾਦਤ ਕੇਸ਼ਾ ਵਿਚ** | ➢ ਕਥਿਤ ਬੱਚੇ ਦਾ, ਪਿਤਾ ਦਾ ਅਤੇ ਮਾਤਾ ਦਾ ਜੀਵ ਨਮੂਨਾ (Biological specimen) ਪ੍ਰਮਾਣਿਕਤਾ ਫਾਰਮ (ਰੈਫਰੈਂਸ ਸੈਂਪਲਜ਼)<br>➢ ਐਮ.ਐਲ.ਆਰ/ਪੀ.ਐਮ.ਆਰ ਦੀ ਤਸ਼ਦੀਕਸੁਦਾ ਕਾਪੀ ਜੇਕਰ ਹੈ।<br>➢ ਮੈਡੀਕਲ ਅਫਸਰ ਦੀ ਨਮੂਨਾ ਮੋਹਰ |

2. **ਜਹਿਰ/ਐਨ.ਡੀ.ਪੀ.ਐਸ. ਨਾਲ ਸਬੰਧਤ ਕੇਸਾਂ ਦੇ ਨਰੀਖਣ ਸਬੰਧੀ:** ਲਾਜਮੀ ਦਸਤਾਵੇਜਾਂ ਦੋਂ ਇਲਾਵਾ ਹੇਠ ਲਿਖੇ ਹੋਰ ਦਸਤਾਵੇਜ ਨਾਲ ਲਫ ਕਰਨੇ ਲੋੜੀਂਦੇ ਹਨ:-

ੳ) ਮੈਜਿਸਟ੍ਰੇਟ ਵਲੋਂ ਜਾਰੀ ਇਨਵੈਨਟਰੀ ਆਰਡਰ /ਸੈਂਪਲਿੰਗ ਦਾ ਵੇਰਵਾ।

ਅ) ਫਾਰਮ ਐਮ-29

3. **ਬੈਲਿਸਟਿਕ ਨਰੀਖਣ ਨਾਲ ਸਬੰਧਤ ਕੇਸ਼ਾਂ ਵਿਚ:** ਲਾਜਮੀ ਦਸਤਾਵੇਜਾਂ ਤੋਂ ਇਲਾਵਾ ਸਿਰਫ ਇਕ ਹੋਰ ਦਸਤਾਵੇਜ (ਤਸਦੀਕਸੁਦਾ ਐਮ.ਐਲ.ਆਰ. ਦੀ ਕਾਪੀ/ਪੋਸਟ ਮਾਰਟਮ ਰਿਪੋਰਟ (ਪੀ.ਐਮ.ਆਰ) ਲਫ ਕਰਨ ਦੀ ਲੋੜ ਹੈ।

**<u>ਨੋਟ:</u> ਸਬੂਤ ਦੀ ਪੈਕਿੰਗ/ਫਾਰਵਰਡਿੰਗ:** ਹਰ ਪਾਰਸਲ ਤੇ ਐਫ.ਆਈ.ਆਰ/ਡੀ.ਡੀ.ਆਰ ਨੰਬਰ ਅਤੇ ਤਾਰੀਖ, ਕਿਹੜੀ ਧਾਰਾ ਅਧੀਨ, ਥਾਣੇ ਦਾ ਨਾਮ, ਸਮਾਂ ਅਤੇ ਸਥਾਨ ਦੀ ਸੂਚਨਾ ਚਿਪਕਾਈ ਜਾਵੇ।

## B. FORWARDING NOTE (DOCUMENTS) ਫਾਰਵਰਡਿੰਗ ਨੋਟ (ਦਸਤਾਵੇਜ):-

<u>ਪੁਆਇੰਟ ਨੰਬਰ 01:</u> **ਫਾਰਵਰਡਿੰਗ ਅਥਾਰਟੀ:** ਤਫਤੀਸ਼ੀ ਅਥਾਰਟੀ ਦਾ ਨਾਮ ਜਿਸ ਵਲੋਂ ਕੇਸ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਭੇਜਿਆ ਜਾ ਰਿਹਾ ਹੈ।

<u>ਪੁਆਇੰਟ ਨੰਬਰ 02:</u> **ਕੇਸ਼ ਦਾ ਵੇਰਵਾ:** ਐਫ.ਆਈ.ਆਰ/ਡੀ.ਡੀ.ਆਰ ਨੰਬਰ, ਅਧੀਨ ਧਾਰਾ, ਥਾਣੇ ਦਾ ਨਾਮ, ਜਿਲ੍ਹਾ ਵਰਨਣ ਕੀਤਾ ਜਾਵੇ ਜਿੱਥੋਂ ਕੇਸ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਭੇਜਿਆ ਜਾ ਰਿਹਾ ਹੈ।

<u>ਪੁਆਇੰਟ ਨੰਬਰ 03:</u> **ਕੇਸ ਦੀ ਕਿਸਮ (ਸੰਖੇਪ ਵਿਚ ਕੇਸ ਦਾ ਵੇਰਵਾ):** ਕੇਸ ਦੇ ਹਾਲਾਤ ਅਤੇ ਨੁਕਤੇਆਂ ਦਾ ਸੰਖੇਪ ਵਿਚ ਸਾਰ।

<u>ਪੁਆਇੰਟ ਨੰਬਰ 04:</u> **ਨਰੀਖਣ ਲਈ ਭੇਜੇ ਗਏ ਪੁਲੰਦੇਆਂ ਦੀ ਗਿਣਤੀ:** ਨਰੀਖਣ ਲਈ ਭੇਜੇ ਗਏ ਪੁਲੰਧੇਆਂ ਦੀ ਕੁਲ ਤਦਾਦ ਦਰਸਾਏ ਜਾਣ।

<u>ਪੁਆਇੰਟ ਨੰਬਰ 05:</u> **ਨਰੀਖਣ ਲਈ ਭੇਜੇ ਪਾਰਸਲਾਂ/ਪੁਲੰਦੇਆਂ ਦਾ ਵੇਰਵਾ:**

(ੳ) **ਕਾਲਮ 1:** ਲੜੀ ਨੰਬਰ

(ਅ) **ਕਾਲਮ 2:** ਪਾਰਸਲ/ਪੁਲੰਦੇਆਂ ਦਾ ਵਰਨਣ: ਸਾਰੇ ਪਾਰਸਲਾਂ ਦੇ ਕਨਟੈਂਟਸ ਜਿਹੜੇ ਲਰੀਖਣ ਲਈ ਭੇਜੇ ਹਨ, ਵਰਨਣ ਕਰੋ।

(ੲ) **ਕਾਲਮ 3:** ਨਮੂਨਾ ਮੋਹਰ ਅਤੇ ਕਿੰਨੀਆਂ ਮੋਹਰਾਂ: ਪਾਰਸਲ ਦੀ ਪੈਕਿੰਗ ਕਰਦੇ ਸਮੇਂ ਲਗਾਈ ਗਈ ਮੋਹਰ ਦਾ ਵੇਰਵਾ ਅਤੇ ਹਰੇਕ ਕਿਸਮ ਦੀ ਕਿੰਨੀਆਂ ਮੋਹਰਾਂ ਲਗਾਈਆਂ ਗਈਆਂ ਹਨ ਦੀ ਤਦਾਦ ਵਰਨਣ ਕਰੋ।

(ਸ) **ਕਾਲਮ 4: ਪੁਲੰਦੇ/ਪਾਰਸਲ ਦੇ ਸੋਰਸ ਦਾ ਵਰਨਣ:** ਦੱਸਿਆ ਜਾਵੇ ਕਿ ਪੁਲੰਦੇ ਜਾਂ ਪਾਰਸਲ ਕਿਸ ਸਥਾਨ ਤੋਂ ਜਾਂ ਕਿਸ ਕੋਲੋਂ ਬਰਾਮਦ ਕੀਤਾ ਹੈ। ਵਿਅਕਤੀ ਦਾ ਨਾਮ ਮਹੱਤਵਪੂਰਨ ਨਹੀਂ ਹੈ, ਪਰ ਇਹ ਜਿਕਰ ਕੀਤਾ ਜਾਵੇ ਕਿ ਉਹ ਦੋਸ਼ੀ, ਸ਼ਿਕਾਇਤਕਰਤਾ, ਗਵਾਹ ਜਾਂ ਕੋਈ ਹੋਰ ਹੈ।

(ਹ) **ਕਾਲਮ 5:** ਰੀਮਾਰਕਸ (ਜੇ ਕੋਈ ਹੈ) ਜੇਕਰ ਤਫਤੀਸ਼ੀ ਏਜੰਸੀ ਚਾਹੁੰਦੀ ਹੈ ਪੁਲੰਧੇ/ਪਾਰਸਲ ਜਿਹੜਾ ਨਰੀਖਣ ਲਈ ਭੇਜਿਆ ਹੈ, ਸਬੰਧੀ ਕੋਈ ਸਾਇੰਟੀਫਿਕ ਅਫਸਰ ਦੇ ਧਿਆਨ ਲਿਆਣ ਯੋਗ ਗੱਲ ਹੈ ਤਾਂ ਵਰਨਣ ਕੀਤਾ ਜਾਵੇ।

<u>**ਪੁਆਇੰਟ ਨੰਬਰ 06:**</u> **ਨਰੀਖਣ ਦੀ ਕਿਸਮ:** ਜਿਹੜਾ ਪੁਲੰਦਾ/ਪਾਰਸਲ ਨਰੀਖਣ ਲਈ ਭੇਜਿਆ ਜਾ ਰਿਹਾ ਹੈ, ਉਸ ਸਬੰਧੀ ਨੁਕਤਾ ਵਾਈਜ਼ ਪੁੱਛੇ ਜਾਣ ਵਾਲੇ ਸਵਾਲ ਦਰਸਾਏ ਜਾਣ। ਜੇਕਰ ਸਵਾਲ ਕੇਵਲ ਇਕ ਪਾਰਸਲ ਨਾਲ ਸਬੰਧਤ ਹੈ, ਪਾਰਸਲ ਦਾ ਨੰਬਰ ਦਸਦੇ ਹੋਏ ਸੁਰੂ ਕੀਤੇ ਜਾਣ। ਜੇਕਰ ਇਕ ਤੋਂ ਵੱਧ ਪੁਲੰਦੇਆਂ ਨਾਲ ਸਬੰਧਤ ਹਨ ਤਾਂ ਸਬੰਧਤ ਪੁਲੰਦੇ ਦਾ ਨੰਬਰ ਦਰਸਾਂਦੇ ਹੋਏ ਆਮ ਸਵਾਲ/ਕੁਆਰੀ ਦਰਸਾਈ ਜਾਵੇ।

<u>**ਪੁਆਇੰਟ ਨੰਬਰ 07:**</u> ਜੇਕਰ ਇਸ ਕੇਸ ਨਾਲ ਸਬੰਧਤ ਕੋਈ ਸਬੂਤ ਪਹਿਲਾਂ ਹੀ ਡਾਇਰੈਕਟਰ, ਫੋਰੈਂਸਕਿ ਸਾਂਇੰਸ ਲੈਬਾਰਟਰੀ, ਪੰਜਾਬ, ਫੇਜ਼-4, ਐਸ.ਏ.ਐਸ. ਨਗਰ ਨੂੰ ਜਮਾ ਕਰਵਾਏ ਹਨ ਤਾਂ ਉਹਨਾਂ ਦਾ ਡਾਇਰੀ/ਰਿਪੋਰਟ ਨੰਬਰ ਵਰਨਣ ਕੀਤਾ ਜਾਵੇ। ਇਹ ਪੁਲੰਧਾ/ਪਾਰਸਲ ਨਰੀਖਣ ਕਰਦੇ ਸਮੇਂ ਸਹਾਇਕ ਹੋਵੇਗਾ।

<u>**ਪੁਆਇੰਟ ਨੰਬਰ 08:**</u> **ਦਸਤਾਵੇਜਾਂ ਦੀ ਲਿਸਟ ਜਿਹੜੇ ਲਫ ਕੀਤੇ ਜਾਣੇ ਹਨ:-**

2 ਦਸਤਾਵੇਜ ਹਨ ਜਿਹੜੇ ਦਸਤਾਵੇਜਾਂ ਦੇ ਕੇਸਾਂ ਵਿਚ ਲੋੜੀਂਦੇ ਹਨ। ਐਫ.ਆਈ.ਆਰ/ਡੀ.ਡੀ.ਆਰ./ਸ਼ਿਕਾਇਤ ਨੰਬਰ, ਰਿਕਵਰੀ ਮੀਮੋ ਦੀ ਤਸਦੀਕਸੁਦਾ

ਕਾਪੀ। ਇਹ ਦਸਤਾਵੇਜ ਹਰੇਕ ਕੇਸ ਦੇ ਫਾਰਵਰਡਿੰਗ ਨੋਟ ਨਾਲ ਭੇਜਨੇ ਹਨ।